# ਚੁੱਪ ਤੋਂ ਮਗਰੋਂ:ਵਿਆਪਕ ‘ਤੇ ਵੱਡੇ ਸੁਨੇਹੇ

ਡਾ.ਦਰਸ਼ਨ ਸਿੰਘ ਆਸ਼ਟ
ਪੰਜਾਬੀ ਯੂਨੀਵਰਸਿਟੀ ਪਟਿਆਲਾ

ਰਾਜਸਥਾਨ ਦਾ ਬਾਸ਼ਿੰਦਾ ਗੁਰਮੀਤ ਬਰਾੜ ਆਪਣੇ ਪਲੇਠੇ ਕਾਵਿ-ਸੰਗ੍ਰਹਿ ‘ਪੜਛਾਵਿਆਂ ਦੇ ਮਗਰੇ ਮਗਰ’ਨਾਲ਼ ਪੰਜਾਬੀ ਕਾਵਿ ਖੇਤਰ ਵਿੱਚ ਪਰਵੇਸ਼ ਕਰ ਚੁੱਕਾ ਹੈ।ਇੱਕ ਵੱਖਰੇ ਅੰਦਾਜ਼ ਵਾਲ਼ੀ ਸ਼ਾਇਰੀ ਸਿਰਜਣ ਵਾਲ਼ਾ ਬਰਾੜ ਆਪਣੀ ਨਵ-ਪ੍ਰਕਾਸ਼ਿਤ ਪੁਸਤਕ ‘ਚੁੱਪ ਤੋਂ ਮਗਰੋਂ’ ਲੈ ਕੇ ਪਾਠਕਾਂ ਦੀ ਕਚਹਿਰੀ ਵਿੱਚ ਹਾਜ਼ਿਰ ਹੋਇਆ ਹੈ।ਉਸ ਦੀ ਇਸ ਪੁਸਤਕ ਵਿਚਲੀਆਂ ਲਗਭਗ ਸਾਰੀਆਂ ਨਜ਼ਮਾਂ ਛੋਟੇ ਆਕਾਰ ਵਾਲ਼ੀਆਂ ਹਨ।ਉਸ ਦੀ ਸ਼ਾਇਰੀ ਦਾ ਸਰੋਕਾਰ ‘ਨਿਜ’ ਅਤੇ ‘ਪਰ’ ਨਾਲ਼ ਵਾਬਸਤਾ ਹੈ।ਇਸ ਪੁਸਤਕ ਵਿੱਚ ਉਸ ਦੀਆਂ ਬਹੁਤੀਆਂ ਨਜ਼ਮਾਂ ਰੁਮਾਂਸਵਾਦੀ ਪ੍ਰਵਿਰਤੀ ਨਾਲ਼ ਤਾਅਲੁਕ ਰਖਦੀਆਂ ਹਨ।ਸਮਾਜਿਕ ਅਮਲ ਨਾਲ਼ ਜੁੜੀਆਂ ਹੋਈਆਂ ਕੁਝ ਕਵਿਤਾਵਾਂ ਵੀ ਇਸ ਵਿੱਚ ਸ਼ਾਮਿਲ ਹਨ।ਇਹਨਾ ਨਜ਼ਮਾ ਵਿਚਲੇ ਸੁਨੇਹੇ ਵਿਆਪਕ ‘ਤੇ ਵੱਡੇ ਹਨ।ਮੁਹੱਬਤ ਦੇ ਨੇਪਰੇ ਨਾ ਚੜ੍ਹਨ ਦੇ ਰੁਦਨ ਵਾਲ਼ੀਆਂ ਕਵਿਤਾਵਾਂ ਵਿੱਚ ਗੁਰਮੀਤ ਬਰਾੜ ਮਹਿਬੂਬਾ ਨੂੰ ਵਾਰ-ਵਾਰ ਮੁਖ਼ਾਤਿਬ ਹੁੰਦਾ ਹੈ।ਅਜਿਹੀਆਂ ਨਜ਼ਮਾਂ ਵਿੱਚ ‘ਜੇ ਤੂੰ ਮੀਤ ਅਸਾਡੜਾ’,’ਮੈਂ ਘਰ ਨਹੀਂ ਹਾਂ’,’ਬਿਰਹੋਂ ਦਾ ਬਿਰਖ’,’ਜਦੋਂ ਤੱਕ ਤੂੰ ਮੁੜੇਂਗਾ’,’ਕਣਕਵੰਨੀ’ ਅਤੇ ‘ਚੁੱਪ ਤੋਂ ਮਗਰੋਂ’ ਆਦਿ ਸ਼ਾਮਿਲ ਹਨ।ਇਹਨਾ ਨਜ਼ਮਾਂ ਵਿੱਚੋਂ ਕਵੀ ਦਾ ਆਪਾ ਸੁਭਾਵਿਕ ਰੂਪ ਵਿੱਚ ਜ਼ਾਹਿਰ ਹੁੰਦਾ ਹੈ।ਸ਼ਿਵ ਕੁਮਾਰ ਬਟਾਲਵੀ ਵਾਲ਼ੀ ਸ਼ੈਲੀ ਦੀ ਉਸ ਤੇ ਛਾਪ ਹੈ।ਇਸ ਲਈ ਉਸ ਦੀਆਂ ਰੁਮਾਂਸਵਾਦੀ ਨਜ਼ਮਾਂ ਵਿੱਚ ਉਸੇ ਤਰ੍ਹਾਂ ਦੇ ਬਿੰਬ ਅਤੇ ਰੂਪਕ ਆ ਜਾਂਦੇ ਹਨ ਜਿਵੇਂ ਸ਼ਿਵ ਦੀ ਸ਼ਇਰੀ ਵਿੱਚ ਆਉਂਦੇ ਹਨ।ਇਸ ਪ੍ਰਸੰਗ ਵਿਚ ਉਸ ਦੀ ਇਕ ਨਜ਼ਮ’ਪੀੜ ਕਸੀਦੇ ਕਢਦੀ’ਦੀਆਂ ਕੁਝ ਸਤਰਾਂ ਇਸ ਗੱਲ ਦੀ ਗਵਾਹੀ ਭਰਦੀਆਂ ਹਨ:

ਦੇਹ ਦੀ ਅੱਧੋਰਾਣੀ ਚਾਦਰ ਤੇ
ਇੱਕ ਪੀੜ ਕਸੀਦੇ ਕਢਦੀ ਹੈ
ਰਗਾਂ ‘ਚੋਂ ਸਾਹ ਨੂੰ ਸੂਤਦੀ
ਮੇਰੀ ਉਮਰ ਤੇ ਦੰਦੀਆਂ ਵੱਢਦੀ ਹੈ....(ਪੰਨਾ 29)

ਗੁਰਮੀਤ ਬਰਾੜ ਸਮਾਜ ਵੱਲੋਂ ਔਰਤ ਸ਼੍ਰੇਣੀ ਉੱਤੇ ਹੋ ਰਹੇ ਜ਼ੁਲਮਾਂ ਦੇ ਖ਼ਿਲਾਫ ਵੀ ਕਲਮੀ ਜੰਗ ਲੜਦਾ ਹੈ।ਉਹ ਕੁੜੀਆਂ ਨੂੰ ਚਿੜੀਆਂ ਨਾਲ਼ ਤੁਲਨਾ ਦਿੰਦਾ ਹੋਇਆ ਉਹਨਾ ਪ੍ਰਤੀ ਸਮਾਜ ਦੇ ਕਰੂਰ ਵਿਵਹਾਰ ਦੀ ਨਿਖੇਧੀ ਕਰਦਾ ਹੈ ਅਤੇ ਨਾਲ਼ ਹੀ ਭਵਿਖ ਦੇ ਕਿਸੇ ਭਿਆਨਕ ਦ੍ਰਿਸ਼ ਦਾ ਚਿੱਤਰਣ ਵੀ ਕਰਦਾ ਹੈ।ਇਹ ਭਿਆਨਕ ਚਿੱਤਰਣ ਉਹਨਾ ਦੇ ਮੁੱਕ ਜਾਣ ਦਾ ਹੈ।ਅਣਜੰਮੀਆਂ ਧੀਆਂ ਦੇ ਨਾਂ ਕੀਤੀ ਨਜ਼ਮ ‘ਚਿੜੀਆਂ ਦਾ ਸਿਰਨਾਵਾਂ’ ਦੀਆਂ ਕੁਝ ਸਤਰਾਂ:

ਨਾ ਧੀਆਂ ਹੋਣ ਪਰਦੇਸਣਾਂ
ਨਾ ਮਾਵਾਂ ਨੇ ਹਉਂਕੇ ਭਰਨੇ
ਨਾ ਬਾਬਲ ਦਾ ਤੁਰਲਾ ਨੀਵਾਂ
ਨਾ ਵੀਰਾਂ ਨੇ ਕਾਰਜ ਕਰਨੇ
ਸਭ ਸਾਕ ਸਕੀਰੀਆਂ ‘ਚੋਂ
ਅਸੀਂ ਮੁੱਕਦੀਆਂ ਮੁੱਕਦੀਆਂ
ਮੁੱਕ ਜਾਣਾਂ
ਲੱਭਣਾਂ ਨਹੀਂ ਸਾਡਾ
ਚਿੜੀਆਂ ਦਾ ਸਿਰਨਾਵਾਂ.....(ਪੰਨਾ 50)

ਗੁਰਮੀਤ ਦੀ ਸ਼ਾਇਰੀ ਗੁੰਝਲਦਾਰ ਨਹੀਂ ਸਗੋਂ ਇਹ ਆਮ ਪਾਠਕ ਦੀ ਸਮਝ ਵਿੱਚ ਆ ਜਾਣ ਵਾਲ਼ੀ ਸੁਲਝੀ ਹੋਈ ਅਤੇ ਸਹਿਜ ਭਾਂਤ ਦੀ ਸ਼ਾਇਰੀ ਹੈ।ਉਸ ਅੰਦਰ ਛੁਪੀ ਹੋਈ ਕਾਵਿ-ਪ੍ਰਤਿਭਾ ਦਾ ਸਦਕਾ ਹੀ ਸ਼ਾਇਰ ਪ੍ਰਮਿੰਦਰਜੀਤ ਨੇ ਆਪਣੀ ਟਿੱਪਣੀ ਵਿੱਚ ਲਿਖਿਆ ਹੈ ਕਿ ਗੁਰਮੀਤ ਦੀਆਂ ਨਜ਼ਮਾਂ ਵਿੱਚ ਜ਼ਿੰਦਗੀ ਨੂੰ ਭਿੱਜ ਕੇ ਜੀਣ ਦੀ ਲੋਚਾ ਹੈ ‘ਤੇ ਮਾਨਵੀ ਰੰਗਾਂ ਵਿੱਚ ਰੰਗੇ ਜਾਣ ਦੀ ਅਭਿਲਾਸ਼ਾ।